
Weekly

# CANADA SIKH TIMES

14 - 20 September 2025 | ਕੈਨੇਡਾ ਸਿੱਖ ਟਾਈਮਜ਼ | Volume 3 Issue 37

• RELIGION • CULTURE • HERITAGE • BUSINESS

## ਪੰਜਾਬ ਦੀ ਧੀ ਸੋਨਮਪ੍ਰੀਤ ਕੌਰ ਨੇ ਕੈਨੇਡਾ ’ਚ ਹਾਸਲ ਕੀਤਾ ਵੱਡਾ ਮੁਕਾਮ



ਗੁਰਦਾਸਪੁਰ ਨੇੜੇ ਗੋਤ ਪੋਕਰ ਪਿੰਡ ਦੀ ਰਹਿਣ ਵਾਲੀ ਸੋਨਮਪ੍ਰੀਤ ਕੌਰ ਨੇ ਕੈਨੇਡਾ ਵਿਚ ਆਪਣਾ ਅਤੇ ਪੰਜਾਬ ਦਾ ਨਾਂ ਰੌਸ਼ਨ ਕੀਤਾ ਹੈ। ਸੋਨਮਪ੍ਰੀਤ ਕੌਰ 2018 ’ਚ ਪੜ੍ਹਾਈ ਕਰਨ ਲਈ ਕੈਨੇਡਾ ਗਈ ਸੀ। ਉਥੇ ਰਹਿੰਦਿਆਂ ਹੋਇਆਂ 7 ਸਾਲ ਸਖ਼ਤ ਮਿਹਨਤ ਕਰਨ ਤੋਂ ਬਾਅਦ ਉਹ ਸਫਲਤਾਪੂਰਵਕ ਕੈਨੇਡੀਅਨ ਪੁਲਸ ’ਚ ਸ਼ਾਮਲ ਹੋਈ। ਸੋਨਮਪ੍ਰੀਤ ਕੌਰ ਦੀ ਮਾਂ ਵੀ ਪੁਲਸ ’ਚ ਨੌਕਰੀ ਕਰਦੀ ਹੈ ਅਤੇ ਉਸ ਦੇ ਪਿਤਾ ਨਰਿੰਦਰ ਸਿੰਘ ਪੰਜਾਬ ਪੁਲਸ ਦੇ ਜਵਾਨ ਸਨ, ਜੋ 25 ਅਪ੍ਰੈਲ, 2010 ਨੂੰ ਦੇਸ਼ ਦੀ ਸੇਵਾ ਕਰਦੇ ਹੋਏ ਨਰੋਟ ਜੈਮਲ ਅੱਤਵਾਦੀ ਹਮਲੇ ’ਚ ਸ਼ਹੀਦ ਹੋ ਗਏ ਸਨ। ਸੋਨਮ ਨੇ ਕਿਹਾ ਕਿ ਲੋਕਾਂ ਨੂੰ ਆਪਣੀਆਂ ਧੀਆਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ, ਕਿਉਂਕਿ ਕੁੜੀਆਂ ਵੀ ਮਹਾਨ ਪ੍ਰਾਪਤੀਆਂ ਕਰ ਸਕਦੀਆਂ ਹਨ। ਸਾਡੇ ਲਈ ਬਹੁਤ ਮਾਣ ਦੀ ਗੱਲ ਹੈ ਕਿ ਪੰਜਾਬ ਦੀ ਜਵਾਨੀ ਸਾਰੀ ਦੁਨੀਆ ਵਿਚ ਪੰਜਾਬ ਦਾ ਨਾਮ ਰੌਸ਼ਨ ਕਰ ਰਹੀ ਹੈ। ਅਜਿਹੇ ਹੋਨਹਾਰ ਧੀਆਂ-ਪੁੱਤ ਹਰ ਘਰ ਵਿਚ ਹੋਣੇ ਚਾਹੀਦੇ ਹਨ ਜੋ ਦੁਨੀਆ ਵਿਚ ਵੱਸਦੇ ਪੰਜਾਬੀਆਂ ਨੂੰ ਵੱਡੀਆਂ ਮੱਲਾਂ ਮਾਰਨ ਲਈ ਉਤਸ਼ਾਹਿਤ ਕਰਦੇ ਰਹਿੰਦੇ ਹਨ।

## Sareet Kaur First Sikh to Captain an England Football Team



Sareet Kaur Binning has made history by becoming the first-ever Sikh footballer to captain an England side, leading the U16s in their clash against France at the prestigious Montaigu Tournament. Her achievement marks a groundbreaking moment for representation, with South Asians making up less than 1% of players in the Women's Super League (WSL). Binning's captaincy is more than just a personal milestone—it's an inspiring moment for young girls from underrepresented communities dreaming of football careers. Known for her skill, leadership, and determination, Sareet is quickly becoming a role model on and off the pitch. Her journey highlights the growing diversity in English football and the potential for change when talent is given a platform. Sareet's captaincy sends a powerful message: the future of football is inclusive, and barriers are meant to be broken.

## ਕੈਨੇਡਾ ਦੇ ਇੰਮੀਗ੍ਰੇਸ਼ਨ ਖੇਤਰ ਵਿਚ ਆ ਰਿਹਾ ਵੱਡਾ ਤੂਫਾਨ





ਕੈਨੇਡਾ ਦੇ ਇੰਮੀਗ੍ਰੇਸ਼ਨ ਖੇਤਰ ਵਿਚ ਵੱਡਾ ਤੂਫਾਨ ਆਉਣ ਵਾਲਾ ਹੈ ਜੋ ਲੱਖਾਂ ਲੋਕਾਂ ਦੇ ਸੁਪਨੇ ਖੇਰੂੰ-ਖੇਰੂੰ ਕਰ ਸਕਦਾ ਹੈ। ਹਾਊਸ ਆਫ਼ ਕਾਮਨਜ਼ ਦਾ ਇਜਲਾਸ ਆਰੰਭ ਹੋ ਚੁੱਕਾ ਹੈ ਅਤੇ ਲਿਬਰਲ ਸਰਕਾਰ ਬਿਲ ਸੀ-2 ਪਾਸ ਕਰਵਾਉਣ ਦੀ ਕਾਹਲ ਵਿਚ ਨਜ਼ਰ ਆ ਰਹੀ ਹੈ। ਬਿਲ ਪਾਸ ਹੋਣ ਮਗਰੋਂ ਇਕ ਸਾਲ ਤੋਂ ਵੱਧ ਸਮਾਂ ਕੈਨੇਡਾ ਵਿਚ ਲੰਘਾ ਚੁੱਕੇ ਵਿਦੇਸ਼ੀ ਨਾਗਰਿਕ ਅਸਾਇਲਮ ਕਲੇਮ ਨਹੀਂ ਕਰ ਸਕਣਗੇ ਅਤੇ ਮੁਲਕ ਵਿਚ ਆਰਜ਼ੀ ਤੌਰ ’ਤੇ ਮੌਜੂਦ 30 ਲੱਖ ਤੋਂ ਵੱਧ ਲੋਕਾਂ ਦੇ ਵੀਜ਼ੇ ਜਾਂ ਵਰਕ ਪਰਮਿਟ ਧੜਾ-ਧੜ ਰੱਦ ਕਰਨ ਦੀ ਤਾਕਤ ਇੰਮੀਗ੍ਰੇਸ਼ਨ ਮਹਿਕਮੇ ਨੂੰ ਮਿਲ ਜਾਵੇਗੀ। ਸਿਰਫ਼ ਐਨਾ ਹੀ ਨਹੀਂ ਇੰਮੀਗ੍ਰੇਸ਼ਨ ਅਰਜ਼ੀਆਂ ਦਾ ਬੈਕਲਾਗ ਇਕੋ ਝਟਕੇ ਵਿਚ ਖਤਮ ਕਰਨ ਦੇ ਮਕਸਦ ਤਹਿਤ ਕੋਈ ਵੱਡਾ ਫੈਸਲਾ ਲਿਆ ਜਾ ਸਕਦਾ ਹੈ। ਬੀਤੇ ਜੂਨ ਮਹੀਨੇ ਦੌਰਾਨ ਸੰਸਦ ਵਿਚ ਪੇਸ਼ ਸਟ੍ਰੌਂਗ ਬਾਰਡਰਜ਼ ਐਕਟ ਸਟੱਡੀ ਵੀਜ਼ਾ ’ਤੇ ਕੈਨੇਡਾ ਪੁੱਜੇ ਉਨ੍ਹਾਂ ਪੰਜਾਬੀ ਨੌਜਵਾਨਾਂ ਦੇ ਰਾਹ ਵਿਚ ਕੰਡੇ ਵਿਛਾ ਸਕਦਾ ਹੈ ਜੋ ਪੀ.ਆਰ. ਲੈਣ ਵਿਚ ਸਫ਼ਲ ਨਹੀਂ ਹੁੰਦੇ ਅਤੇ ਆਖਰਕਾਰ ਅਸਾਇਲਮ ਕਲੇਮ ਜਾਂ ਐਲ.ਐਮ.ਆਈ.ਏ. ਵਰਗੇ ਤਰੀਕਿਆਂ ਦੀ ਵਰਤੋਂ ਕਰਦੇ ਹਨ। ਬਿਲ ਸੀ-2 ਫੈਡਰਲ ਸਰਕਾਰ ਦੀਆਂ ਤਾਕਤਾਂ ਵਿਚ ਅਥਾਹ ਵਾਧਾ ਕਰਦਾ ਹੈ ਜਿਨ੍ਹਾਂ ਰਾਹੀਂ ਨਵੀਆਂ ਅਰਜ਼ੀਆਂ ਦੀ ਪ੍ਰੋਸੈਸਿੰਗ ਸਿੱਧੇ ਤੌਰ ’ਤੇ ਰੱਦ ਕੀਤੀ ਜਾ ਸਕੇਗੀ। ਕੈਨੇਡਾ ਵਿਚੋਂ ਕੱਢੇ ਜਾਣ ਵਾਲਿਆਂ ਦੀ ਗਿਣਤੀ ਵਧਣ ਦਾ ਸੰਕੇਤ ਇਸ ਗੱਲ ਤੋਂ ਵੀ ਮਿਲਦਾ ਹੈ ਕਿ ਇੰਮੀਗ੍ਰੇਸ਼ਨ ਵਿਭਾਗ ਤਿੰਨ ਹਜ਼ਾਰ ਤੋਂ ਵੱਧ ਮੁਲਾਜ਼ਮਾਂ ਦੀ ਛਾਂਟੀ ਕਰ ਰਿਹਾ ਹੈ ਜਦਕਿ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਵਿਚ ਇਕ ਹਜ਼ਾਰ ਨਵੇਂ ਅਫ਼ਸਰਾਂ ਦੀ ਭਰਤੀ ਕੀਤੀ ਜਾ ਰਹੀ ਹੈ। ‘ਟੋਰਾਂਟੋ ਸਟਾਰ’ ਵੱਲੋਂ ਪ੍ਰਕਾਸ਼ਤ ਰਿਪੋਰਟ ਮੁਤਾਬਕ ਆਉਂਦੇ ਦੋ ਸਾਲ ਦੌਰਾਨ ਸਰਕਾਰ ਦਾ ਸਭ ਤੋਂ ਵੱਧ ਜ਼ੋਰ ਟੈਂਪਰੇਰੀ ਰੈਜ਼ੀਡੈਂਟਸ ਨੂੰ ਕੈਨੇਡਾ ਵਿਚੋਂ ਕੱਢਣ ’ਤੇ ਰਹੇਗਾ।

## DESH VIDESH

# A Path to Truthful Living

## (A Way of Life based on Guru Nanak's Panj Khand of Jap Hymns)

Some books arrive as quiet companions, offering not just words but a way of rethinking life itself. A Path to Truthful Living by Dr. D. P. Singh is one such work. Drawing from Guru Nanak's Jap hymns and his profound teaching of the Panj Khands (Five Realms), the book provides a roadmap for living with authenticity, compassion, and spiritual awareness.




At its heart, the book is about what it means to be Sachiara, a truthful being. Rather than confining spirituality to ritual or the promise of salvation after death, Guru Nanak calls us to embrace truth in everyday life. To be Sachiara, as the Preface by Dr. Bhai Harbans Lal explains, is to transcend ego and illusion and live in alignment with Hukam, the divine order that governs creation. This vision is not abstract; it shapes how we treat others, how we work, and how we build a just society.

The Foreword by Dr. D. P. Singh beautifully frames the book as a spiritual journey. Through the Five Khands: Righteousness, Knowledge, Effort, Grace, and Truth, the reader is gently led step by step, from moral clarity to divine union. Each realm is presented not as distant theology, but as a lived experience that challenges us to rethink success, happiness, and the purpose of life.

What makes A Path to Truthful Living stand out is its balance of depth and accessibility. It doesn't overwhelm with heavy scholarship, yet it doesn't water down the message either. The chapters flow naturally: from Guru Nanak's historical context, to the meaning of Truth and Maya (illusion), to the unfolding of the spiritual path. The later chapters tie these insights directly to our times, showing how truthful living can foster peace, harmony, and universal brotherhood in a fractured world.

For readers new to Sikh philosophy, this book is a welcoming introduction. For those already familiar, it is a refreshing reminder of the timeless relevance of Guru Nanak's teachings. Its strength lies in the way it bridges personal spirituality and social responsibility, urging us to see that the two are inseparable.

In an age where life often feels hurried, divided, and uncertain, A Path to Truthful Living is both timely and necessary. It invites us to slow down, reflect, and embrace a way of life rooted not in illusion but in truth.

Verdict: A deeply inspiring book that speaks to the seeker in all of us. Recommended for anyone searching for guidance, meaning, and a more harmonious way of living.

- Chief Editor

# ਸਿੱਖ ਵਿਆਹਾਂ ਦੀ ਰਜਿਸਟ੍ਰੇਸ਼ਨ ਆਨੰਦ ਮੈਰਿਜ ਐਕਟ ਤਹਿਤ ਹੋਵੇ: ਸੁਪਰੀਮ ਕੋਰਟ

ਸੁਪਰੀਮ ਕੋਰਟ ਨੇ ਵੀਰਵਾਰ ਨੂੰ 17 ਰਾਜਾਂ ਅਤੇ ਸੱਤ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ 1909 ਦੇ ਆਨੰਦ ਮੈਰਿਜ ਐਕਟ ਤਹਿਤ ਸਿੱਖ ਵਿਆਹਾਂ (ਆਨੰਦ ਕਾਰਜ) ਲਈ ਰਜਿਸਟ੍ਰੇਸ਼ਨ ਪ੍ਰਣਾਲੀ ਨੂੰ ਚਾਰ ਮਹੀਨਿਆਂ ਦੇ ਅੰਦਰ ਲਾਗੂ ਕਰਨ ਦੇ ਨਿਰਦੇਸ਼ ਦਿੱਤੇ। ਅਦਾਲਤ ਨੇ ਕਿਹਾ ਕਿ ਨਿਯਮਾਂ ਦੀ ਘਾਟ ਕਾਰਨ ਸਿੱਖ ਨਾਗਰਿਕਾਂ ਨਾਲ ਅਸਮਾਨ ਵਿਵਹਾਰ ਹੋਇਆ ਅਤੇ ਸੰਵਿਧਾਨ ਦੇ ਸਮਾਨਤਾ ਦੇ ਅਧਿਕਾਰ ਦੀ ਉਲੰਘਣਾ ਹੋਈ। ਜਸਟਿਸ ਵਿਕਰਮ ਨਾਥ ਅਤੇ ਸੰਦੀਪ ਮਹਿਤਾ ਦੇ ਬੈਂਚ ਨੇ ਕਿਹਾ ਕਿ ਜਦੋਂ ਤੱਕ ਰਾਜ ਆਪਣੇ ਨਿਯਮ ਨਹੀਂ ਬਣਾਉਂਦੇ, ਆਨੰਦ ਕਾਰਜ ਵਿਆਹ ਮੌਜੂਦਾ ਵਿਆਹ ਕਾਨੂੰਨਾਂ (ਜਿਵੇਂ ਕਿ ਵਿਸ਼ੇਸ਼ ਵਿਆਹ ਐਕਟ) ਅਧੀਨ ਰਜਿਸਟਰ ਕੀਤੇ ਜਾਣੇ ਚਾਹੀਦੇ ਹਨ। ਜੇਕਰ ਜੋੜਾ ਚਾਹੁੰਦਾ ਹੈ, ਤਾਂ ਵਿਆਹ ਸਰਟੀਫਿਕੇਟ ਵਿੱਚ ਸਪੱਸ਼ਟ ਤੌਰ 'ਤੇ ਇਹ ਦੱਸਣਾ ਚਾਹੀਦਾ ਹੈ



ਕਿ ਵਿਆਹ ਆਨੰਦ ਕਾਰਜ ਰਿਵਾਜ ਨਾਲ ਹੋਇਆ ਹੈ। ਇਹ ਹੁਕਮ ਉਨ੍ਹਾਂ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ 'ਤੇ ਲਾਗੂ ਹੁੰਦਾ ਹੈ ਜਿਨ੍ਹਾਂ ਨੇ ਅਜੇ ਤੱਕ ਨਿਯਮ ਲਾਗੂ ਨਹੀਂ ਕੀਤੇ ਹਨ, ਜਿਨ੍ਹਾਂ ਵਿੱਚ ਉੱਤਰਾਖੰਡ, ਕਰਨਾਟਕ, ਤਾਮਿਲਨਾਡੂ, ਝਾਰਖੰਡ, ਉੱਤਰ ਪ੍ਰਦੇਸ਼, ਅਸਾਮ, ਬੰਗਾਲ, ਗੁਜਰਾਤ, ਬਿਹਾਰ, ਮਹਾਰਾਸ਼ਟਰ, ਤੇਲੰਗਾਨਾ, ਨਾਗਾਲੈਂਡ, ਸਿੱਕਮ, ਤ੍ਰਿਪੁਰਾ, ਅਰੁਣਾਚਲ ਪ੍ਰਦੇਸ਼, ਗੋਆ, ਮਨੀਪੁਰ, ਜੰਮੂ ਅਤੇ ਕਸ਼ਮੀਰ, ਲੱਦਾਖ, ਚੰਡੀਗੜ੍ਹ, ਲਕਸ਼ਦੀਪ, ਦਮਨ ਅਤੇ ਦੀਵ, ਪੁਡੂਚੇਰੀ ਅਤੇ ਅੰਡੇਮਾਨ ਅਤੇ ਨਿਕੋਬਾਰ ਟਾਪੂ ਸ਼ਾਮਲ ਹਨ। ਇਹ ਪਟੀਸ਼ਨ ਅਮਨਜੋਤ ਸਿੰਘ ਚੱਢਾ ਵੱਲੋਂ ਦਾਇਰ ਕੀਤੀ ਗਈ ਸੀ। ਅਦਾਲਤ ਨੇ ਕਿਹਾ ਕਿ ਜਦੋਂ ਕਿ ਆਨੰਦ ਕਾਰਜ ਨੂੰ ਕਾਨੂੰਨ ਦੁਆਰਾ ਮਾਨਤਾ ਪ੍ਰਾਪਤ ਹੈ, ਰਜਿਸਟ੍ਰੇਸ਼ਨ ਦੀ ਵਿਵਸਥਾ ਨਾ ਹੋਣਾ ਸਿਰਫ਼ ਅੱਧਾ ਵਾਅਦਾ ਨਿਭਾਉਣਾ ਹੈ।

# HERITAGE

## Dr. Davinder Pal Singh Launches "Echoes of a Digital Dawn – AI's Triumphs and Trials" at SGGSWU



Dr. Davinder Pal Singh's latest book Echoes of a Digital Dawn – AI's Triumphs and Trials was officially released at SGGS World University. The launch ceremony was graced by V.C. Dr. Pritpal Singh, Dean Academic Affairs Prof. S. S. Bling, Registrar Prof. Tegbir Singh, and Head of Physics Dept. Dr. Preet Kaur. The book explores the promises and challenges of artificial intelligence, offering deep insights into its impact on society and the future of humanity.

## ਪੁਰਤਗਾਲ 'ਚ 4 ਲੱਖ ਪ੍ਰਵਾਸੀਆਂ 'ਤੇ ਲਟਕੀ ਦੇਸ਼ ਨਿਕਾਲੇ ਦੀ ਤਲਵਾਰ



ਪੁਰਤਗਾਲ ਸਰਕਾਰ ਇੱਥੇ ਰਹਿ ਰਹੇ ਵਿਦੇਸ਼ੀਆਂ ਨੂੰ ਦੇਸ਼ ਨਿਕਾਲਾ ਦੇਣ ਦੀ ਤਿਆਰੀ ਕਰ ਰਹੀ ਹੈ, ਜਿਸ ਵਿਚ 14,000 ਦੇ ਕਰੀਬ ਭਾਰਤੀ ਕਾਮੇ ਵੀ ਸ਼ਾਮਲ ਹਨ। ਵੱਖ-ਵੱਖ ਦੇਸ਼ਾਂ ਤੋਂ ਆ ਕੇ ਪੁਰਤਗਾਲ ਵਿਚ ਰਹਿ ਰਹੇ ਵਿਦੇਸ਼ੀਆਂ ਨੇ ਸਰਕਾਰ ਖਿਲਾਫ ਮੋਰਚਾ ਖੋਲ੍ਹ ਦਿੱਤਾ ਹੈ। 2 ਮਹੀਨੇ ਪਹਿਲਾਂ ਬਣੀ ਸਰਕਾਰ ਇਮੀਗ੍ਰੇਸ਼ਨ ਵਿਰੋਧੀ ਨੀਤੀਆਂ ਅਪਣਾ ਕੇ ਵਿਦੇਸ਼ੀਆਂ ਨੂੰ ਦੇਸ਼ 'ਚੋਂ ਕੱਢਣਾ ਚਾਹੁੰਦੀ ਹੈ। ਦੱਸਣਯੋਗ ਹੈ ਕਿ ਪੁਰਤਗਾਲ 'ਚੋਂ ਕੱਢੇ ਜਾਣ ਵਾਲੇ ਵੱਖ-ਵੱਖ ਦੇਸ਼ਾਂ ਨਾਲ ਸਬੰਧਤ ਪ੍ਰਵਾਸੀਆਂ ਦੀ ਗਿਣਤੀ 4 ਲੱਖ ਦੱਸੀ ਜਾ ਰਹੀ ਹੈ, ਜਿਨ੍ਹਾਂ ਨੂੰ ਉਥੋਂ ਦੀ ਨਵੀਂ ਸਰਕਾਰ ਨੇ ਡਿਟੇਨ ਕਰਨ ਦੇ ਨਿਰਦੇਸ਼ ਜਾਰੀ ਕਰ ਦਿੱਤੇ ਹਨ। ਪੰਜਾਬ ਦੇ ਵੀ ਕਈ ਨੌਜਵਾਨ ਪੁਰਤਗਾਲ ਵਿਚ ਰਹਿ ਰਹੇ ਹਨ ਅਤੇ ਪਿਛਲੇ 5-6 ਸਾਲਾਂ ਤੋਂ ਸਰਕਾਰ ਨੂੰ ਟੈਕਸ ਵੀ ਦੇ ਰਹੇ ਹਨ। ਉਹ ਸਾਰੇ ਕਾਨੂੰਨੀ ਤੌਰ 'ਤੇ ਉਥੇ ਰਹਿ ਰਹੇ ਹਨ ਅਤੇ ਸਰਕਾਰ ਦੀਆਂ ਮੈਡੀਕਲ ਸਹੂਲਤਾਂ ਵੀ ਲੈ ਰਹੇ ਹਨ। ਇਸ ਦੇ ਬਾਵਜੂਦ ਨਵੀਂ ਸਰਕਾਰ ਧੱਕੇ ਨਾਲ ਉਨ੍ਹਾਂ ਨੂੰ ਉਥੋਂ ਕੱਢਣਾ ਚਾਹੁੰਦੀ ਹੈ। ਕਈ ਪ੍ਰਵਾਸੀਆਂ ਨੂੰ ਤਾਂ ਪੁਰਤਗਾਲ ਸਰਕਾਰ ਨੇ ਫੜ ਕੇ ਜੇਲਾਂ 'ਚ ਬੰਦ ਕਰ ਦਿੱਤਾ ਹੈ, ਜਿਨ੍ਹਾਂ 'ਚ 10-12 ਭਾਰਤੀ ਵੀ ਸ਼ਾਮਲ ਹਨ। ਵੱਖ-ਵੱਖ ਦੇਸ਼ਾਂ ਦੇ ਇਮੀਗ੍ਰਾਂਟਸ ਲਿਸਬਨ ਪਾਰਲੀਮੈਂਟ ਦੇ ਬਾਹਰ ਇਕੱਠੇ ਹੋਏ ਅਤੇ ਉਨ੍ਹਾਂ ਨੇ ਪੁਰਤਗਾਲ ਦੀ ਸਰਕਾਰ ਖਿਲਾਫ ਰੋਸ ਵਿਖਾਵਾ ਕੀਤਾ।

## ਸ਼ੁਰੂ ਹੋਣ ਜਾ ਰਹੀ ਦੁਨੀਆ ਦੀ ਸਭ ਤੋਂ ਲੰਬੀ 'ਡਾਈਰੈਕਟ ਫਲਾਈਟ'!



ਚਾਈਨਾ ਈਸਟਰਨ ਏਅਰਲਾਈਨਜ਼ 4 ਦਸੰਬਰ 2025 ਨੂੰ ਸ਼ੰਘਾਈ ਤੋਂ ਬਿਊਨਸ ਆਇਰਸ ਤੱਕ ਦੁਨੀਆ ਦੀ ਸਭ ਤੋਂ ਲੰਬੀ ਸਿੱਧੀ ਪੈਸੰਜਰ ਸਰਵਿਸ ਸ਼ੁਰੂ ਕਰੇਗੀ। 12,229 ਮੀਲ ਦੀ ਯਾਤਰਾ ਵਿਚ ਆਕਲੈਂਡ 'ਚ ਢਾਈ ਘੰਟੇ ਦਾ ਸਟਾਪ ਸ਼ਾਮਲ ਹੋਵੇਗਾ ਪਰ ਯਾਤਰੀ ਜਹਾਜ਼ 'ਚ ਹੀ ਰਹਿਣਗੇ, ਜਿਸ ਨਾਲ ਇਹ ਸਿੱਧੀ ਉਡਾਣ ਬਣ ਜਾਵੇਗੀ। ਇਸ ਉਡਾਣ ਨੂੰ ਮੰਜ਼ਿਲ ਤੱਕ ਪਹੁੰਚਣ ਵਿਚ 26 ਘੰਟਿਆਂ ਤੋਂ ਥੋੜ੍ਹਾ ਘੱਟ ਸਮਾਂ ਲੱਗੇਗਾ ਅਤੇ ਇਹ ਵਾਪਸ ਲੱਗਭਗ 29 ਘੰਟਿਆਂ 'ਚ ਆਵੇਗੀ। ਇਸ ਨਾਲ ਇਹ ਵਪਾਰਕ ਹਵਾਬਾਜ਼ੀ ਵਿਚ ਸਭ ਤੋਂ ਲੰਬੀ ਸਿੱਧੀ ਸੇਵਾ ਬਣ ਜਾਵੇਗੀ। ਇਹ ਉਡਾਣ ਹਫ਼ਤੇ ਵਿਚ ਦੋ ਵਾਰ ਚੱਲੇਗੀ। ਇਹ ਸ਼ੰਘਾਈ ਤੋਂ ਸੋਮਵਾਰ ਅਤੇ ਵੀਰਵਾਰ ਅਤੇ ਬਿਊਨਸ ਆਇਰਸ ਤੋਂ ਮੰਗਲਵਾਰ ਅਤੇ ਸ਼ੁੱਕਰਵਾਰ ਨੂੰ ਰਵਾਨਾ ਹੋਵੇਗੀ।

### ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

1. **ਬਾਰਹ ਮਾਹਾ ਮਾਝ ਮਹਲਾ ੫ ਵਿੱਚ ਚੇਤ (ਚੈਤੁ) ਮਹੀਨੇ ਵਿੱਚ ਕੀ ਭਾਵਨਾ ਪ੍ਰਗਟ ਕੀਤੀ ਗਈ ਹੈ?**
   a) ਆਤਮਾ ਪ੍ਰਭੂ ਨਾਲ ਮਿਲਾਪ ਦੀ ਲਾਲਸਾ ਕਰਦੀ ਹੈ
   b) ਫਸਲ ਦੇ ਤਿਉਹਾਰ ਮਨਾਏ ਜਾਂਦੇ ਹਨ
   c) ਮਨ ਆਲਸੀ ਤੇ ਲਾਪਰਵਾਹ ਬਣ ਜਾਂਦਾ ਹੈ
   d) ਗੁਰੂ ਨੂੰ ਅਣਡਿੱਠਾ ਕੀਤਾ ਜਾਂਦਾ ਹੈ
2. **ਵੈਸਾਖ (ਵੈਸਾਖਿ) ਮਹੀਨੇ ਵਿੱਚ ਗੁਰੂ ਅਰਜਨ ਸਾਹਿਬ ਜੀ ਕੀ ਸਿੱਖਿਆ ਦੇਂਦੇ ਹਨ?**
   a) ਖੇਤੀਬਾੜੀ ਤੇ ਰਸਮਾਂ ਨਾਲ ਸ਼ਾਂਤੀ ਮਿਲਦੀ ਹੈ
   b) ਧਨ ਤੇ ਮਾਣ ਸਭ ਤੋਂ ਵੱਡੇ ਹਨ
   c) ਗੁਰੂ ਨਾਲ ਮਿਲਾਪ ਸੱਚੀ ਖੁਸ਼ਹਾਲੀ ਤੇ ਆਨੰਦ ਦਿੰਦਾ ਹੈ
   d) ਤੀਰਥ ਯਾਤਰਾਂ ਨਾਲ ਪਾਪ ਧੁੱਲ ਜਾਂਦੇ ਹਨ
3. **ਬਾਰਹ ਮਾਹਾ ਮਾਝ ਦੇ ਸਾਰੇ ਮਹੀਨਿਆਂ ਵਿੱਚ ਕੇਂਦਰੀ ਵਿਸ਼ਾ ਕੀ ਹੈ?**
   a) ਰਸਮੀ ਵਰਤ ਰੱਖਣ
   b) ਆਤਮਾ-ਦੁਲਹਨ ਦੀ ਪ੍ਰਭੂ-ਪਤੀ (ਵਾਹਿਗੁਰੂ) ਲਈ ਲਾਲਸਾ
   c) ਤਿਉਹਾਰ ਤੇ ਜ਼ੋਤਿਸ਼ ਵਿਗਿਆਨ
   d) ਜਾਤਿ-ਪਾਤਿ ਦੀ ਮਹੱਤਤਾ
4. **In the month of Sawan (ਸਾਵਣੁ), what does Gurbani emphasize?**
   a) Enjoying rains and nature only
   b) Singing and dancing bring liberation
   c) Remembering the Lord with love brings true joy
   d) Stars and planetary positions decide happiness

(ਦੇਖੋ ਉੱਤਰ ਪੰਨਾ 4 'ਤੇ)

# ਸਾਡਾ ਮਾਣ, ਸਾਡੀ ਸ਼ਾਨ, ਸਾਡਾ ਪੰਜਾਬ

– ਇੰਦਰਜੀਤ ਕੌਰ (ਦਿੱਲੀ)

**ਪੰਜਾਬ ਦੇ ਹੜ੍ਹ ਪੀੜਤਾਂ ਦੇ ਦਰਦ ਨੂੰ ਬਿਆਨਦੀ ਇਕ ਕਵਿਤਾ**





ਸਦੀਆਂ ਤੋਂ ਅਡਿਗ ਖੜਾ ਹਾਂ ਮੈਂ
ਪੰਜ ਆਬਾਂ ਵਾਲਾ ਪੰਜਾਬ
ਸੈਂਕੜੇ ਹਮਲਾਵਰਾਂ ਦੇ ਚਾਰੇ ਖਾਨੇ ਚਿਤ ਕਰ ਦਿਤੇ
ਲੰਘਣਾ ਚਾਹਿਆ ਜਦ ਉਹਨਾਂ ਪੰਜਾਬ
ਅਬਦਾਲੀ ਵਰਗਿਆਂ ਨੂੰ ਵੀ ਨਾਂ ਟਿਕਣ ਦਿਤਾ ਇਥੇ
ਸਿਖਾਂ ਨਾਲ ਜਦੋਂ ਉਸ ਲਿਆ ਪੰਗਾ
ਕਿੰਨੀਆਂ ਹੀ ਬਿਪਤਾਵਾਂ ਆਈਆਂ ਇਥੇ
ਮੂੰਹ ਤੋੜ ਜੁਆਬ ਦੇਕੇ ਉਨਾਂ ਦਾ
ਪੰਜਾਬ ਨੂੰ ਬਣਾ ਦਿਤਾ ਰੰਗਲਾ।

ਅਜ ਦੁਬਿਧਾ ਵਿੱਚ ਹੈ ਪੰਜਾਬ
ਲਗਾਤਾਰ ਮੀਂਹਾਂ ਤੇ ਹੜ੍ਹ ਕਾਰਨ
ਦਰਿਆ ਦਾ ਪਾਣੀ ਜੋ ਖਤਰੇ ਦੇ ਨਿਸ਼ਾਨ ਤੋਂ ਉਪਰ ਵਹਿ ਰਿਹਾ ਹੈ
ਖੇਤਾਂ ਪਿੰਡਾਂ ਤੇ ਸੜਕਾਂ ਤੇ ਹੈ ਫੈਲ ਗਿਆ
ਭੜਥੂ ਪੈ ਗਿਆ ਉਦੋਂ
ਜਦੋਂ ਘਰਾਂ ਵਿੱਚ ਪਾਣੀ ਆ ਗਿਆ ਢੇਰ
ਵਧਦਾ ਹੀ ਗਿਆ ਉਹ ਵਾਂਗੂ ਅਮਰ ਵੇਲ
ਮੋਢੇ ਮੋਢੇ ਪਾਣੀ ਵਿਚ ਲੋਕਾਂ ਨੇ ਘਰ ਛੱਡੇ
ਤੇ ਆ ਗਏ ਸੜਕਾਂ ਤੇ ਵਿਚਾਰੇ
ਪਲੇ ਕੁਝ ਵੀ ਨਹੀਂ ਸੀ ਉਹਨਾ ਕੋਲ
ਬੇਸਹਾਰੇ ਸੀ ਉਹ ਵਿਚਾਰੇ ।

ਹੜਾਂ ਦੇ ਵਧਦੇ ਪਾਣੀ ਵਿਚ ਹਜਾਰਾਂ ਏਕੜ ਖੜੀਆਂ ਫਸਲਾਂ ਡੁਬ ਗਈਆਂ
ਹਜਾਰਾਂ ਮਝਾਂ ਗਾਵਾਂਪਾਣੀ ਵਿਚ ਰੁੜ ਗਈ ਆਂ
ਸੈਂਕੜੇ ਘਰ ਢਹਿ ਗਏ, ਸੈਂਕੜੇ ਪਾਣੀ ਵਿਚ ਧਸ ਗਏ
ਮੌਤ ਹੋ ਗਈ ਕਿਨਿਆਂ ਦੀ, ਕਿੰਨੇ ਲਾਪਤਾ ਹੋ ਗਏ

ਕਪੂਰਥਲਾ ਦੇ ਇਕ ਗੁਰਸਿੱਖ ਵੀਰ ਨੇ
ਸੌ ਤੋਂ ਵਧ ਕਿਸ਼ਤੀਆਂ ਬਣਾਕੇ ਹੜ ਪੀੜਿਤ ਖੇਤਰਾਂ ਵਿੱਚ ਪਹੁੰਚਾਈਆਂ
ਲੰਗਰ ਲਗਾਏ ਗਏ ਸਭਾ, ਸੋਸਾਇਟੀਆਂ ਵਲੋਂ ਤੇ ਖਾਸ ਜਰੂਰਤ ਦੀਆਂ ਵਸਤਾਂ ਵੀ ਉਹਨਾਂ ਨੂੰ ਪਹੁੰਚਾਈਆਂ
ਪੈਸੇ ਵਾਲੇ ਦਿਆਲੂ ਬੰਦਿਆਂ ਵਲੋਂ
ਪੀੜੀਤਾਂ ਨੂੰ ਟਰੈਕਟਰ ਵੰਡੇ ਗਏ ਕਈ
ਮਝਾਂ ਗਾਵਾਂ ਵੰਡਕੇ ਕਈ ਆਂ ਨੇ ਆਪਣੀ ਹਾਜਰੀ ਲੁਆਈ
ਖਾਲਸਾ ਏਡ ਤੇ ਗਲੋਬਲ ਸਿੱਖ ਡਟੇ ਹੋਏ ਹਨ
ਸ਼ਾਇਦ ਮਜਲੂਮਾਂ ਦੇ ਦੁਖ ਵਿਚ ਖੜੇ ਰਹਿਣ ਦੀ ਉਹਨਾਂ ਕਸਮ ਹੈ ਖਾਈ।

ਕਮਾਲ ਕਰ ਦਿਤੀ ਪੰਜਾਬੀ ਸਿਨੇਮਾ ਤੇ ਪੰਜਾਬੀ ਸੰਗੀਤ ਕਲਾਕਾਰਾਂ ਨੇ
ਪੀੜਤਾਂ ਨੂੰ ਦੇਖਕੈ ਅਖਾਂ ਜਿਨਾਂ ਦੀਆਂ ਭਰ ਆਈਆਂ
ਪੰਜ-ਪੰਜ ਦਸ-ਦਸ ਪਿੰਡ ਉਹਨਾਂ ਗੋਦ ਲੋ ਲਿਤੇ
ਕਈ ਆਂ ਨੇ ਕਰੋੜਾਂ ਰੁਪਏ ਪੀੜਤਾਂ ਦੇ ਲੇਖੇ ਲਾ ਦਿਤੇ

ਸ਼ੁਕਰਾਨਾ ਕਰਦਾ ਹੈ ਪੰਜਾਬ ਇਹਨਾਂ ਸਾਰਿਆਂ ਦਾ
ਦਿਲ ਖੋਲ੍ਹ ਕੇ ਜਿਨਾਂ ਨੈਮਜਲੂਮਾਂ ਦਾ ਸਾਥ ਦਿਤਾ
ਕੇਵਲ ਧਨ ਦੌਲਤ ਨਾਲ ਹੀ ਨਹੀਂ
ਤਨੋਂ ਮਨੋਂ ਵੀ ਉਹਨਾਂ ਨੂੰ ਉਤਸ਼ਾਹਿਤ ਕੀਤਾ
ਗੁਮਾਨ ਹੈ ਪੰਜਾਬ ਨੂੰ ਪੰਜਾਬ ਦੇ ਸਾਰੇ ਭਾਈਚਾਰਿਆਂ ਤੈ
ਜਿਨਾਂ ਪੀੜਤਾਂ ਦੀ ਮਦਦ ਲਈ ਨਹੀਂ ਕੋਈ ਸਰਫਾ ਕੀਤਾ
ਪਰ ਗਿਲਾ ਰਹੇਗਾ ਪੰਜਾਬ ਨੂੰ ਹਮੇਸ਼ਾਂ ਸਰਕਾਰਾਂ ਤੇ
ਜਿਨਾਂ ਨੇ ਮਦਦ ਤੇ ਕੀ ਕਰਨੀ ਸੀ, ਉਹਨਾਂ ਦੀ ਸਾਰ ਤਕ ਨਾ ਲਈ
ਤੇ ਨਾਂ ਹੀ ਹਾਅ ਦਾ ਨਾਹਰਾ ਲਾਇਆ।

ਅਰਦਾਸ ਕਰ ਰਿਹਾ ਹੈ ਪੂਰਾ ਪੰਜਾਬ
ਮੀਂਹ ਤੇ ਰੋਕ ਲਗਾ ਦੇ ਰੱਬਾ
ਹੜ੍ਹ ਦੇ ਪਾਣੀ ਨੂੰ ਸੁਕਾ ਦੇ ਰੱਬਾ
ਪੀੜਤਾਂ ਦੇ ਚਿਹਰਿਆਂ ਦੀ ਮੁਸਕਾਨ ਵਾਪਸ ਕਰ ਦੇ ਰੱਬਾ।


## SIKH MATRIMONIALS

Looking for a Gursikh boy for Khatri girl F-91--5-3" working in NYPD as Attorney. Well qualified and settled gursikh boy from USA or Canada preferred +91 8750888333

Suitable match for M- 91-5-7" Gursikh Khatri boy,well qualified and working in London (Facebook) V High Package +91 8860484847

Suitable match for gursikh boy, July 98 born/5'10", Working as a manager since 2022, Graduate in Marketing management from KPU Vancouver Canada Phone - 9953223721


ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. A 2. C 3. B 4. C

Chief Editor: Dr. Harjinder Singh Editor: Dr. Davinder Singh Designer: Pavit Singh
Advisory Board: Gujinder Singh (USA), Harpreet Kaur (Belgium), Harmohinder Singh (USA), Mamta Kaur (India), Taranpreet Singh (India), Harman Singh (Canada)


email: canadasikhtimes@gmail.com, M: +1 437 673 7555